ਸਾਰੇ ਰਾਜਸਥਾਨ ਦਾ ਇਹੋ ਹਾਲ ਹੈ। ਸਮੁੱਚੀ ਮੁਸਲਮਾਨ ਅਬਾਦੀ ਦਹਿਸ਼ਤ ਦੇ ਪਰਛਾਵੇਂ ਹੇਠ ਦਿਨ ਕੱਟ ਰਹੀ ਹੈ। ਸਾਰੀ ਰਾਜ ਮਸ਼ੀਨਰੀ ਨੂੰ ਤਿਆਰ ਕਰ ਲਿਆ ਗਿਆ ਹੈ। ਕਦੋਂ ਕੋਈ ਗੋਧਰਾ ਜਿਹਾ ਬਹਾਨਾ ਬਣਾਕੇ ਸੂਬੇ ਭਰ ਵਿੱਚ "ਸ਼ਾਨ-ਪ੍ਰਦਰਸ਼ਨ" ਸ਼ੁਰੂ ਹੋ ਜਾਣ, ਕਿਹਾ ਨਹੀਂ ਜਾ ਸਕਦਾ।

ਮੱਧ ਪ੍ਰਦੇਸ਼ ਦੀ ਹਾਲਤ ਵੀ ਲਗਭਗ ਇਹੋ ਜਿਹੀ ਹੀ ਹੈ। ਸਕੂਲੀ ਪੱਧਰ ਤੋਂ ਲੈ ਕੇ ਮਿਡਲ ਪੱਧਰ ਤੱਕ ਦੇ ਸਿਲੇਬਸ ਬਦਲ ਦਿੱਤੇ ਗਏ ਹਨ। ਮਿਥਿਹਾਸਕ ਕਲਪਨਾਵਾਂ ਨੂੰ ਇਤਿਹਾਸ ਦੇ ਨਾਂ 'ਤੇ ਪੜ੍ਹਾਇਆ ਜਾ ਰਿਹਾ ਹੈ। ਨੈਤਿਕ ਸਿੱਖਿਆ ਦੇ ਨਾਂ 'ਤੇ ਪ੍ਰਾਚੀਨ ਕਾਲ ਦੇ ਅੰਧ-ਵਿਸ਼ਵਾਸ਼ਾਂ, ਔਰਤ ਵਿਰੋਧੀ ਪੁਰਾਤਨ ਵਿਚਾਰਾਂ ਅਤੇ ਕਦਰਾਂ ਕੀਮਤਾਂ ਦੀ ਗੁੜ੍ਹਤੀ ਦਿੱਤੀ ਜਾ ਰਹੀ ਹੈ। ਬਾਬਾ ਰਾਮਦੇਵ ਤੋਂ ਵੀ ਅੱਗੇ ਵੱਧ ਕੇ ਯੋਗ ਨੂੰ ਵਿਗਿਆਨ ਦੇ ਰੂਪ ਵਿੱਚ ਪ੍ਰਚਾਰਿਆ ਜਾ ਰਿਹਾ ਹੈ। ਮੁੱਖ ਮੰਤਰੀ ਸ਼ਿਵਰਾਜ ਸਿੰਘ ਤੋਂ ਲੈ ਕੇ ਸੂਬਾ ਮੰਤਰੀ ਮੰਡਲ ਤੱਕ ਦੇ ਸਾਰੇ ਮੈਂਬਰ ਸੂਰਜ-ਨਮਸਕਾਰ ਅਤੇ ਹੋਰ ਯੌਗਿਕ ਅਭਿਆਸਾਂ ਵਿੱਚ ਸ਼ਾਮਲ ਹੋ ਕੇ ਮੀਡੀਆ ਲਈ ਫੋਟੋਆਂ ਖਿੱਚਵਾ ਰਹੇ ਹਨ ਅਤੇ ਲੋਕਾਂ ਦੇ ਮਨਾਂ ਵਿੱਚ ਵਿਗਿਆਨ ਅਤੇ ਅਨੁਭਵੀ ਗਿਆਨ ਦਾ ਰੋਲ-ਘਚੋਲਾ ਪਾ ਰਹੇ ਹਨ।

ਰਾਜ ਮਸ਼ੀਨਰੀ ਕਿਸ ਤਰ੍ਹਾਂ ਖੁੱਲੇ ਪੱਖਪਾਤ ਉੱਤੇ ਆ ਗਈ ਹੈ ਇਸਦਾ ਸਭ ਤੋਂ ਤਾਜ਼ਾ ਸਬੂਤ ਹੈ ਪ੍ਰੋਫੈਸਰ ਰਾਜੀਵ ਸਭਰਵਾਲ ਹੱਤਿਆ ਕਾਂਡ ਦੇ ਦੋਸ਼ੀਆਂ ਦਾ ਖੁੱਲਾ ਬਚਾਅ ਅਤੇ ਉਹਨਾਂ ਦੀ ਸੁਰੱਖਿਆ ਹੈ। ਕਿਉਂਕਿ ਹਤਿਆਰੇ ਸੰਘ ਪਰਿਵਾਰ ਦੀ ਵਿਦਿਆਰਥੀ ਜੱਥੇਬੰਦੀ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.) ਦੇ ਹਨ ਇਸ ਲਈ ਸੌ ਖੂਨ ਮਾਫ਼। ਪੁਲਸ ਨੇ ਐਫ. ਆਈ. ਆਰ ਹੀ ਕਮਜ਼ੋਰ ਕਰ ਦਿੱਤੀ ਸੀ ਜਿਸ ਵਜੋਂ ਸਬੂਤਾਂ ਦੀ ਘਾਟ ਵਿੱਚ ਹਾਈਕੋਰਟ ਨੇ ਲੋੜੀਂਦੇ ਸਬੂਤਾਂ ਦੀ ਘਾਟ ਵਿੱਚ ਮੁਜਰਿਮ ਨੂੰ ਬਰੀ ਕਰ ਦਿੱਤਾ। ਪ੍ਰੋ. ਸਭਰਵਾਲ ਦੇ ਪਰਿਵਾਰ ਮੈਂਬਰਾਂ ਨੂੰ ਲਗਾਤਾਰ ਡਰਾਇਆ ਧਮਕਾਇਆ ਗਿਆ। ਉਧਰ, ਮੁੱਖ ਮੰਤਰੀ ਸ਼ਿਵ ਰਾਜ ਸਿੰਘ ਖੁੱਲ੍ਹਮ-ਖੁੱਲ੍ਹਾ ਤੌਰ 'ਤੇ ਹਸਪਤਾਲ ਦਾ ਨਿਰੀਖਣ ਕਰਨ ਬਹਾਨੇ ਇਸ ਕਾਂਡ ਦੇ ਹੱਤਿਆ ਦੇ ਦੋਸ਼ੀ ਨੂੰ ਮਿਲਣ ਪਹੁੰਚ ਜਾਂਦੇ ਹਨ।

ਭੋਪਾਲ ਦੇ ਗਊਸ਼ਾਲਾ ਕਾਂਡ ਵਿੱਚ ਵੀ ਅੱਗ ਹਾਲੇ ਸੁਲਗ ਰਹੀ ਹੈ। ਇਸ ਨੂੰ ਰਹਿ-ਰਹਿ ਕੇ ਸੁਲਗਾਇਆ ਜਾ ਰਿਹਾ ਹੈ। ਇਹ ਸਾਰੇ ਇਸ ਗੱਲ ਦੇ ਸੰਕੇਤ ਹਨ ਕਿ ਮੱਧ ਪ੍ਰਦੇਸ਼ ਵਿੱਚ ਵੀ ਤਿਆਰੀਆਂ ਅੰਦਰ ਹੀ ਅੰਦਰ ਚੱਲ ਰਹੀਆਂ ਹਨ।

ਇਹਨਾਂ ਦੋਵੇਂ ਸੂਬਿਆਂ ਵਿੱਚ ਕਿਰਤੀ ਲੋਕਾਂ ਦੀਆਂ ਲਹਿਰਾਂ ਦੀ ਕਮਜ਼ੋਰ ਇਤਿਹਾਸਕ ਪਿੱਠਭੂਮੀ ਰਹੀ ਹੈ ਅਤੇ ਸਮਾਜਿਕ-ਸਭਿਆਚਾਰਕ ਢਾਂਚੇ ਵਿੱਚ ਜਗੀਰੂ ਕਦਰਾਂ-ਕੀਮਤਾਂ ਅਤੇ ਸਭਿਆਚਾਰਕ ਦੀ ਰਹਿੰਦ-ਖੂੰਹਦ ਅੱਜ ਵੀ ਕਾਫ਼ੀ ਮੌਜੂਦ ਹੈ। ਪੰਜੀਵਾਦੀ ਰਾਜਨੀਤੀ ਦੇ ਦਾਇਰੇ ਵਿੱਚ ਸਿੰਧੀਆ ਰਾਜਘਰਾਣੇ ਦੀ ਗਰੀਬ ਲੋਕਾਂ ਵਿਚਕਾਰ ਅੱਜ ਵੀ ਪਕੜ ਦੀ ਵਜ੍ਹਾ ਆਮ ਹਿੰਦੂ ਲੋਕਾਂ ਦੀ ਪੁਰਾਣੇ ਰਾਜੇ ਰਜਵਾੜਿਆਂ ਨੂੰ ਦੇਵਤਿਆਂ ਬਰਾਬਰ ਮੰਨਣ ਦੀ ਦਿਮਾਗੀ ਗੁਲਾਮੀ ਹੈ ਜਿਸ ਤੋਂ ਅੱਜ ਵੀ ਉਹ ਉੱਭਰ ਨਹੀਂ ਸਕੇ ਹਨ। ਰਾਜਨੀਤਿਕ ਅਜ਼ਾਦੀ ਤੋਂ ਬਾਅਦ ਵੀ ਉੱਥੇ ਸਨਅਤੀ ਵਿਕਾਸ ਬੇਹੱਦ ਘੱਟ ਹੋਣ ਨਾਲ ਸਨਅਤੀ ਮਜ਼ਦੂਰ ਜਮਾਤ ਦੀ ਗਿਣਤੀ ਬਹੁਤ ਘੱਟ ਹੈ। ਖੱਬੇ-ਪੱਖੀ ਪ੍ਰਗਤੀਸ਼ੀਲ ਵਿਚਾਰਕ ਲਹਿਰ ਵੀ ਮੁੱਖ ਤੌਰ 'ਤੇ ਇੰਦੌਰ-ਜਬਲਪੁਰ ਭੋਪਾਲ ਦੇ ਮਹਾਨਗਰਾਂ ਦੇ ਦਾਇਰੇ ਵਿੱਚ ਹੀ ਸਿਮਟੀ ਹੋਈ ਹੈ। ਇਹਨਾਂ ਕਾਰਨਾਂ ਕਰਕੇ ਫਿਰਕੂ ਫਾਸੀਵਾਦੀ ਤਾਕਤਾਂ ਨੂੰ ਆਪਣਾ ਏਜੰਡਾ ਅੱਗੇ ਵਧਾਉਣ ਲਈ ਉਪਜਾਊ ਜ਼ਮੀਨ ਮਿਲੀ ਹੋਈ ਹੈ। ਗੁਜਰਾਤ ਤੋਂ ਬਾਅਦ ਰਾਜਸਥਾਨ ਅਤੇ ਮੱਧਪ੍ਰਦੇਸ਼ ਦੇ ਰੂਪ ਵਿੱਚ ਇਹਨਾਂ ਦੋ ਨਵੀਆਂ ਪ੍ਰਯੋਗਸ਼ਾਲਾਵਾਂ ਵਿੱਚ ਲਗਾਤਾਰ ਅੱਗੇ ਵੱਧਦਾ ਪ੍ਰਯੋਗ ਸਾਰੇ ਪ੍ਰਗਤੀਸ਼ੀਲ, ਜਮਹੂਰੀ ਅਤੇ ਧਰਮ ਨਿਰਪੱਖ ਲੋਕਾਂ ਸਾਹਮਣੇ ਗੰਭੀਰ ਚੁਣੌਤੀ ਦੇ ਰੂਪ ਵਿੱਚ ਖੜ੍ਹਾ ਹੈ। ਫਿਰਕੂ ਫਾਸੀਵਾਦੀ ਤਾਕਤਾਂ ਦੇ ਮੰਸੂਬਿਆਂ ਨੂੰ ਜੇ ਖੇਰੂੰ-ਖੇਰੂੰ ਕਰਨਾ ਹੈ ਤਾਂ ਦੇਸ਼ ਭਰ ਵਿੱਚ ਆਪਣੀ ਘੇਰਾਬੰਦੀ ਤੇਜ਼ ਕਰਨੀ ਪੈਣੀ ਹੈ। ਬਹਾਦਰ, ਇੰਸਾਫ਼ਪਸੰਦ ਅਤੇ ਪ੍ਰਗਤੀ ਚਾਹੁਣ ਵਾਲੇ ਨੌਜਵਾਨਾਂ ਨੂੰ ਹਨੇਰੇ ਦੀਆਂ ਇਹਨਾਂ ਕਾਲੀਆਂ ਤਾਕਤਾਂ ਖਿਲਾਫ਼ ਆਉਣ ਵਾਲੇ ਦਿਨਾਂ ਵਿੱਚ ਸੜਕਾਂ ਉੱਤੇ ਮੋਰਚਾ ਲਾਉਣ ਲਈ ਲਾਮਬੰਦ ਹੋਣਾ ਹੋਵੇਗਾ।

---

ਧੂੜ ਦੀ ਥਾਂ ਰਾਖ਼ ਹੋਣਾ ਚਾਹਾਂਗਾ ਮੈਂ।
ਮੈਂ ਚਾਹਾਂਗਾ ਕਿ ਇਕ ਅਮਿੱਟ ਜਵਾਲਾ ਬਣ ਜਾਏ
ਭੜਕ ਕੇ ਮੇਰੀ ਚਿੰਗਾਰੀ
ਬਜਾਏ ਇਸਦੇ ਕਿ ਸੜੇ ਕਾਠ ਵਿੱਚ ਉਸਦਾ ਦਮ
ਘੁੱਟ ਜਾਏ।
ਇੱਕ ਊਂਘਦੇ ਹੋਏ ਸਥਾਈ ਗ੍ਰਹਿ ਦੀ ਬਜਾਏ
ਮੈਂ ਹੋਣਾ ਚਾਹਾਂਗਾ ਇਕ ਸ਼ਾਨਦਾਰ ਉਲਕਾ
ਮੇਰਾ ਹਰ ਇੱਕ ਅਣੂ ਜਗਮਗਾਏ ਸ਼ਾਨ ਦੇ ਨਾਲ਼।
ਮਨੁੱਖ ਦਾ ਸਹੀ ਕੰਮ ਹੈ ਜੀਣਾ, ਨਾ ਕਿ ਸਿਰਫ਼
ਜੀਉਂਦੇ ਰਹਿਣਾ
ਆਪਣੇ ਦਿਨ ਮੈਂ ਬਰਬਾਦ ਨਹੀਂ ਕਰਾਂਗਾ, ਉਹਨਾਂ
ਨੂੰ ਲੰਬਾ ਬਣਾਉਣ ਦੀ ਕੋਸ਼ਿਸ਼ ਵਿੱਚ
ਮੈਂ ਆਪਣੇ ਸਮੇਂ ਦਾ ਇਸਤੇਮਾਲ ਕਰਾਂਗਾ।

**—ਜੈਕ ਲੰਡਨ**